ਜਮਾਤ - ਅੱਠਵੀਂ

ਵਿਸ਼ਾ - ਪੰਜਾਬੀ

## ਸਕੂਲ ਲਾਇਬ੍ਰੇਰੀ ਵਿੱਚ ਰਿਸਾਲੇ ਮੰਗਵਾਉਣ ਸੰਬੰਧੀ ਬਿਨੈ- ਪੱਤਰ

ਸੇਵਾ ਵਿਖੇ

ਮੁੱਖ ਅਧਿਆਪਕ ਜੀ,

................ਸਕੂਲ,

.............ਪਿੰਡ/ ਸ਼ਹਿਰ।

ਵਿਸ਼ਾ:- ਸਕੂਲ ਲਾਇਬ੍ਰੇਰੀ ਵਿੱਚ ਰਿਸਾਲੇ ਮੰਗਵਾਉਣ ਸੰਬੰਧੀ ।

ਸ੍ਰੀਮਾਨ ਜੀ,

ਸਨਿਮਰ ਬੇਨਤੀ ਹੈ ਕਿ ਇਸ ਬਿਨੈ- ਪੱਤਰ ਰਾਹੀਂ ਅਸੀਂ ਆਪ ਜੀ ਦਾ ਧਿਆਨ ਸਕੂਲ ਦੀ ਲਾਇਬ੍ਰੇਰੀ ਵਿੱਚ ਵਿਦਿਆਰਥੀਆਂ ਨੂੰ ਪੇਸ਼ ਆ ਰਹੀ ਰਿਸਾਲਿਆ ਦੀ ਸਮੱਸਿਆ ਵੱਲ ਦਿਵਾਉਣਾ ਚਾਹੁੰਦੇ ਹਾਂ। ਲਾਇਬ੍ਰੇਰੀ ਵਿੱਚ 'ਪ੍ਰੀਤਲੜੀ', 'ਪੰਖੜੀਆ',ਆਦਿ ਬਾਲ ਰਿਸਾਲਿਆ ਦੀ ਸਿਰਫ਼ ਇੱਕ- ਇੱਕ ਕਾਪੀ ਹੀ ਆਉਂਦੀ ਹੈ,ਜਿਸ ਕਰਕੇ ਵਿਦਿਆਰਥੀਆਂ ਨੂੰ ਇਹਨਾਂ ਨੂੰ ਪੜ੍ਹਨ ਵਿੱਚ ਪਰੇਸ਼ਾਨੀ ਹੁੰਦੀ ਹੈ ।ਕਈ ਵਿਦਿਆਰਥੀ ਤਾਂ ਇਹਨਾਂ ਨੂੰ ਪੜ੍ਹਨ ਸਮੇਂ ਆਪਸ ਵਿੱਚ ਲੜ ਵੀ ਪੈਂਦੇ ਹਨ ।ਕਿਰਪਾ ਕਰਕੇ ਲਾਇਬ੍ਰੇਰੀ ਵਿੱਚ ਇਹਨਾਂ ਰਿਸਾਲਿਆ ਦੀਆਂ ਦਸ- ਦਸ ਕਾਪੀਆਂ ਮੰਗਵਾਈਆ ਜਾਣ ਤਾਂ ਜੋ ਵਿਦਿਆਰਥੀਆਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ।

ਸਾਨੂੰ ਉਮੀਦ ਹੈ ਕਿ ਤੁਸੀਂ ਸਾਨੂੰ ਨਿਰਾਸ਼ ਨਹੀਂ ਕਰੋਗੇ ਅਤੇ ਇਸ ਸਮੱਸਿਆ ਦਾ ਛੇਤੀ ਹੱਲ ਕਰੋਗੇ।

ਧੰਨਵਾਦ ਸਹਿਤ।

ਆਪ ਜੀ ਦੇ ਆਗਿਆਕਾਰੀ,

ਸਮੂਹ ਮੋਨੀਟਰ,

ਸਰਕਾਰੀ ਹਾਈ ਸਕੂਲ..............

ਮਿਤੀ..................

ਤਿਆਰ ਕਰਤਾ - ਜਸਪਾਲ ਸਿੰਘ ਪੰਜਾਬੀ ਮਾਸਟਰ ਸਰਕਾਰੀ ਹਾਈ ਸਕੂਲ ਧਰਮਕੋਟ ਬੱਗਾ (ਜ਼ਿਲ੍ਹਾ ਗੁਰਦਾਸਪੁਰ)